

# ਪਰਿਵਾਰ ਅਤੇ Child Outcome Summary (ਬੱਚੇ ਦੇ ਨਤੀਜੇ ਦਾ ਸਾਰਾਂਸ਼)

## CHILD OUTCOME SUMMARY (ਬੱਚੇ ਦੇ ਨਤੀਜੇ ਦਾ ਸਾਰਾਂਸ਼) ਪ੍ਰਕਿਰਿਆ

### ਇਹ ਕਿਵੇਂ ਕੰਮ ਕਰਦਾ ਹੈ?

Child Outcome Summary (ਬੱਚੇ ਦੇ ਨਤੀਜੇ ਦਾ ਸਾਰਾਂਸ਼, COS) ਪ੍ਰਕਿਰਿਆ ਦੀ ਵਰਤੋਂ ਸ਼ੁਰੂਆਤੀ ਦਖਲਅੰਦਾਜ਼ੀ ਵਿੱਚ ਬੱਚਿਆਂ ਵੱਲੋਂ ਕੀਤੀ ਜਾਂਦੀ ਪ੍ਰਗਤੀ ਬਾਰੇ ਅੰਕੜੇ ਇਕੱਠੇ ਕਰਨ ਲਈ ਕੀਤੀ ਜਾਂਦੀ ਹੈ। ਇਕੱਠਿਆਂ ਮਿਲ ਕੇ, ਅਸੀਂ ਇਹ ਪਤਾ ਲਗਾਉਂਦੇ ਹਾਂ ਕਿ ਤੁਹਾਡੇ ਬੱਚੇ ਦਾ ਕਾਰਜਾਤਮਕ ਵਿਕਾਸ ਕਿਸ ਤਰ੍ਹਾਂ ਦਾ ਦਿਖਾਈ ਦਿੰਦਾ ਹੈ, ਉਹ ਸੇਵਾਵਾਂ ਨੂੰ ਕਦੋਂ ਸ਼ੁਰੂ ਕਰਦੇ ਹਨ ਅਤੇ ਉਹ ਕਦੋਂ ਬਾਹਰ ਨਿਕਲਦੇ ਹਨ। ਇਹ ਦਰਸਾਉਂਦਾ ਹੈ ਕਿ ਸ਼ੁਰੂਆਤੀ ਦਖਲਅੰਦਾਜ਼ੀ ਸੇਵਾਵਾਂ ਵਿੱਚ, ਤਿੰਨ ਮੁੱਖ ਖੇਤਰਾਂ ਵਿੱਚ, ਉਨ੍ਹਾਂ ਨੇ ਕਿੰਨੀ ਪ੍ਰਗਤੀ ਕੀਤੀ ਹੈ।

## ਤਿੰਨ ਮੁੱਖ ਖੇਤਰ ਕੀ ਹਨ?

### ਜਿੰਨ੍ਹਾਂ ਨਤੀਜਿਆਂ 'ਤੇ ਅਸੀਂ ਨਜ਼ਰ ਰੱਖ ਰਹੇ ਹਾਂ:

- ਸਕਾਰਾਤਮਕ ਸਮਾਜਿਕ-ਭਾਵਨਾਤਮਕ ਹੁਨਰ ਅਤੇ ਸਮਾਜਿਕ ਰਿਸ਼ਤੇ
- ਗਿਆਨ ਅਤੇ ਹੁਨਰਾਂ ਨੂੰ ਹਾਸਲ ਕਰਨਾ ਅਤੇ ਵਰਤਣਾ
- ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਚਿਤ ਵਿਵਹਾਰਾਂ ਦੀ ਵਰਤੋਂ ਕਰਨਾ

## ਪ੍ਰਗਤੀ ਦਾ ਫੈਸਲਾ ਕੌਣ ਕਰਦਾ ਹੈ?

### ਤੁਹਾਡੇ ਬੱਚੇ ਦੀ ਪ੍ਰਗਤੀ 'ਤੇ ਨਜ਼ਰ ਰੱਖਣਾ।

ਸਾਡਾ ਮੰਨਣਾ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਕਿਸੇ ਤੋਂ ਵੀ ਬਿਹਤਰ ਜਾਣਦੇ ਹੋ। ਇਹ ਨਿਰਧਾਰਤ ਕਰਨ ਵਿੱਚ ਤੁਹਾਡੇ ਬੱਚੇ ਦੀ ਟੀਮ ਵਿੱਚ ਤੁਹਾਡੀ ਇੱਕ ਮਹੱਤਵਪੂਰਨ ਭੂਮਿਕਾ ਹੈ ਕਿ ਤੁਹਾਡੇ ਬੱਚੇ ਨੇ ਸ਼ੁਰੂਆਤੀ ਦਖਲਅੰਦਾਜ਼ੀ ਵਿੱਚ ਕਿੰਨੀ ਪ੍ਰਗਤੀ ਕੀਤੀ ਹੈ।

## ਤੁਸੀਂ ਇਹ ਡੇਟਾ ਕਿਉਂ ਇਕੱਠਾ ਕਰਦੇ ਹੋ?

### ਕੀ ਮੇਰੇ ਬੱਚੇ ਦੀ ਜਾਣਕਾਰੀ ਸੁਰੱਖਿਅਤ ਹੈ?

ਅਸੀਂ ਆਪਣੇ ਪ੍ਰੋਗਰਾਮ ਵਿੱਚ ਸਾਰੇ ਬੱਚਿਆਂ ਦਾ ਡੇਟਾ ਇਕੱਠਾ ਕਰਦੇ ਹਾਂ। ਤੁਹਾਡਾ ਵਿਅਕਤੀਗਤ ਡੇਟਾ ਤੁਹਾਡੇ ਸਥਾਨਕ ਪ੍ਰੋਗਰਾਮ ਦੇ ਨਾਲ-ਨਾਲ ਸਟੇਟ ESIT ਟੀਮ ਦੁਆਰਾ ਦੇਖਿਆ ਜਾਂਦਾ ਹੈ। ਜਦੋਂ ਇਸਨੂੰ ਇਸ ਤੋਂ ਅੱਗੇ ਵਰਤਿਆ ਜਾਂਦਾ ਹੈ, ਤਾਂ ਕੋਈ ਪਛਾਣਯੋਗ ਜਾਣਕਾਰੀ ਸਾਂਝੀ ਨਹੀਂ ਕੀਤੀ ਜਾਂਦੀ। ਅਸੀਂ ਇਨ੍ਹਾਂ ਡੇਟਾ ਦੀ ਵਰਤੋਂ ਇਹ ਦਿਖਾਉਣ ਲਈ ਕਰਦੇ ਹਾਂ ਕਿ ਸ਼ੁਰੂਆਤੀ ਦਖਲਅੰਦਾਜ਼ੀ ਕਿੰਨੀ ਕੁ ਚੰਗੀ ਤਰ੍ਹਾਂ ਕੰਮ ਕਰਦੀ ਹੈ ਅਤੇ ਇਹ ਸਰੋਤਾਂ ਦੇ ਨਿਵੇਸ਼ ਦੇ ਯੋਗ ਹੈ।

Washington State Department of
CHILDREN, YOUTH & FAMILIES

# ਵਿਕਾਸ ਦੇ ਮੀਲ ਪੱਥਰ

## COS ਦੇ ਮੁੱਖ ਖੇਤਰਾਂ ਵਿੱਚ ਤੁਹਾਡੇ ਬੱਚੇ ਨੂੰ ਵਧਣ ਵਿੱਚ ਮਦਦ ਕਰਨ ਦੇ ਤਰੀਕੇ

### ਸਕਾਰਾਤਮਕ ਸਮਾਜਿਕ-ਭਾਵਨਾਤਮਕ ਰਿਸ਼ਤਿਆਂ ਦਾ ਵਿਕਾਸ ਕਰਨਾ

**0-6 ਮਹੀਨੇ:**

- ਮੁਸਕਰਾਹਟ, ਆਵਾਜ਼ ਜਾਂ ਛੋਹਣ ਨਾਲ ਮੁਸਕਰਾਉਂਦਾ ਹੈ
- ਉੱਚੀ-ਉੱਚੀ ਹੱਸਦਾ ਹੈ ਅਤੇ ਖੇਡਣਾ ਪਸੰਦ ਕਰਦਾ ਹੈ
- ਅਜਨਬੀਆਂ ਨੂੰ ਨੋਟਿਸ ਕਰਦਾ ਹੈ

**6-12 ਮਹੀਨੇ:**

- ਪੀਕ-ਏ-ਬੂ ਖੇਡਦਾ ਹੈ
- ਇੱਕ ਖਿਡੌਣੇ ਲਈ ਦੂਜੇ ਨਾਲੋਂ ਵੱਧ ਤਰਜੀਹ ਦਿਖਾਉਂਦਾ ਹੈ
- ਬਾਲਗਾਂ ਦੇ ਮਿਜ਼ਾਜਾਂ ਦਾ ਉਚਿੱਤ ਤਰੀਕੇ ਨਾਲ ਜਵਾਬ ਦਿੰਦਾ ਹੈ

**12-24 ਮਹੀਨੇ:**

- ਸਨੇਹ ਦਿੰਦਾ ਹੈ; ਵਾਪਸ ਜੱਫੀਆਂ ਪਾਉਂਦਾ ਅਤੇ ਚੁੰਮਦਾ ਹੈ
- ਕਿਸੇ ਦਾ ਧਿਆਨ ਖਿੱਚਣ ਲਈ ਸ਼ਬਦਾਂ ਜਾਂ ਇਸ਼ਾਰਿਆਂ ਦੀ ਵਰਤੋਂ ਕਰਦਾ ਹੈ
- ਦੂਜੇ ਬੱਚਿਆਂ ਵੱਲ ਧਿਆਨ ਦਿੰਦਾ ਹੈ

### ਹੁਨਰ ਅਤੇ ਗਿਆਨ ਪ੍ਰਾਪਤ ਕਰ ਰਿਹਾ ਹੁੰਦਾ ਹੈ

**0-6 ਮਹੀਨੇ:**

- ਵਸਤੂਆਂ ਜਾਂ ਲੋਕਾਂ ਨੂੰ ਦੇਖਦਾ ਹੈ
- ਅੰਸ਼ਕ ਤੌਰ 'ਤੇ ਲੁਕੀ ਹੋਈ ਵਸਤੂ ਨੂੰ ਲੱਭਦਾ ਹੈ
- ਇੱਕ ਖਿਡੌਣੇ ਨੂੰ ਫੜ੍ਹ ਕੇ ਦੇਖਦਾ ਹੈ

**6-18 ਮਹੀਨੇ:**

- ਪੈਟ-ਏ-ਕੇਕ ਵਰਗੀਆਂ ਸਧਾਰਨ ਖੇਡਾਂ ਖੇਡਦਾ ਹੈ
- ਕਿਸੇ ਵਸਤੂ ਦਾ ਨਾਮ ਦਿੱਤੇ ਜਾਣ 'ਤੇ ਉਸ ਵੱਲ ਇਸ਼ਾਰਾ ਕਰਦਾ ਹੈ

**12-24 ਮਹੀਨੇ:**

- ਇੱਕ ਬੁਝਾਰਤ ਬੋਰਡ ਵਿੱਚ ਆਕਾਰਾਂ ਦੀ ਪਛਾਣ ਕਰਦਾ ਹੈ
- ਆਵਾਜ਼ਾਂ, ਸ਼ਬਦਾਂ ਜਾਂ ਸਰੀਰ ਦੀਆਂ ਹਰਕਤਾਂ ਦੀ ਨਕਲ ਕਰਦਾ ਹੈ
- ਸਰੀਰ ਦੇ ਪੰਜ ਅੰਗਾਂ ਦੇ ਨਾਮ ਲੈਂਦਾ ਹੈ

### ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਚਿਤ ਵਿਵਹਾਰਾਂ ਦੀ ਵਰਤੋਂ ਕਰਨਾ

**0-6 ਮਹੀਨੇ:**

- ਆਪਣਾ ਨਾਮ ਲੈਣ 'ਤੇ ਜਵਾਬ ਦਿੰਦਾ ਹੈ
- ਗੱਲ ਕੀਤੀ ਜਾਂਦੀ ਹੈ ਤਾਂ ਰੋਣਾ ਬੰਦ ਕਰ ਦਿੰਦਾ ਹੈ
- ਪੇਸ਼ ਕੀਤੇ ਜਾਣ 'ਤੇ ਆਪਣਾ ਸਿਰ ਨਿੱਪਲ ਵੱਲ ਮੋੜਦਾ ਹੈ

**6-12 ਮਹੀਨੇ:**

- ਪਹਿਲੇ ਸੱਚੇ ਸ਼ਬਦਾਂ ਦੀ ਵਰਤੋਂ ਕਰਦਾ ਹੈ
- ਕਿਸੇ ਕਾਰਵਾਈ ਲਈ ਬਾਲਗ ਜਾਂ ਵਸਤੂ ਨੂੰ ਛੂੰਹਦਾ ਹੈ
- ਇਸ਼ਾਰੇ ਵਾਲੇ ਸ਼ਬਦਾਂ ਦੀ ਵਰਤੋਂ ਕਰਦਾ ਹੈ ਜਿਵੇਂ ਕਿ ਸਿਰ ਹਿਲਾਉਣਾ "ਨਹੀਂ"

**12-24 ਮਹੀਨੇ:**

- ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਖਿਡੌਣੇ ਕਿਵੇਂ ਕੰਮ ਕਰਦੇ ਹਨ
- ਇਕੱਲਾ ਤੁਰਦਾ ਹੈ ਅਤੇ ਪੌੜੀਆਂ ਚੜ੍ਹ ਸਕਦਾ ਹੈ
- ਪਹੁੰਚ ਤੋਂ ਬਾਹਰ ਕੁਝ ਪ੍ਰਾਪਤ ਕਰਨ ਲਈ ਕੁਰਸੀ 'ਤੇ ਖੜ੍ਹਦਾ ਹੈ
- ਕੁਝ ਫੈਸਲੇ ਕਰਦਾ ਹੈ, ਜਿਵੇਂ ਕਿ ਕੀ ਖਾਣਾ ਜਾਂ ਪਹਿਨਣਾ ਹੈ

### ਕੁਝ ਚੀਜ਼ਾਂ ਦੀ ਸੂਚੀ ਬਣਾਓ ਜੋ ਤੁਹਾਡਾ ਬੱਚਾ ਕਰ ਸਕਦਾ ਹੈ

.............................................................

.............................................................

.............................................................

.............................................................

.............................................................

.............................................................

.............................................................

*ਜੇ ਤੁਸੀਂ ਇਸ ਦਸਤਾਵੇਜ਼ ਦੀਆਂ ਕਾਪੀਆਂ ਕਿਸੇ ਵਿਕਲਪਿਕ ਫਾਰਮੈਟ ਜਾਂ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਕਿਰਪਾ ਕਰਕੇ DCYF Constituent Relations (DCYF ਸੰਵਿਧਾਨਕ ਸੰਬੰਧਾਂ) (1-800-723-4831 | 360-902-8060, **ConstRelations@dcyf.wa.gov**) ਤੇ ਜਾਓ।*

DCYF PUBLICATION FS_0025 PJ (12-2019) Punjabi